


## ਦਿਲ ਦਾ ਫੇਲ੍ਹ ਹੋਣਾ ਜਾਂ ਕੰਜੈਸਟਿਵ ਹਾਰਟ ਫੇਲਿਅਰ ਕੀ ਹੈ?

ਦਿਲ ਫੇਲ੍ਹ ਹੋਣਾ ਇੱਕ ਆਮ ਸਥਿਤੀ ਹੈ ਜਿਹੜੀ ਦਿਲ ਦੀ ਕਿਸੇ ਬੀਮਾਰੀ ਕਾਰਨ ਦਿਲ ਦੇ ਕਮਜ਼ੋਰ ਹੋ ਜਾਣ ਕਾਰਨ ਹੁੰਦੀ ਹੈ। ਦਿਲ ਉਸ ਸਮੇਂ ਫੇਲ੍ਹ ਹੁੰਦਾ ਹੈ ਜਦੋਂ ਦਿਲ, ਖ਼ੂਨ ਨੂੰ ਸਰੀਰ ਵਿੱਚ ਫੈਲਾਉਣ ਲਈ ਤਾਕਤਵਰ ਨਹੀਂ ਰਹਿੰਦਾ। ਇਹ ਅਨਿਯਮਿਤਤਾਵਾਂ ਦਿਲ  ਕੰਮ ਕਰਨ ਦੀ ਤਾਕਤ ਘਟਾ ਦਿੰਦੀਆਂ ਹਨ ਅਤੇ ਫੇਫੜਿਆਂ ਅਤੇ ਗਿੱਟਿਆਂ ਵਿੱਚ ਤਰਲ ਪਦਾਰਥ ਜਮ੍ਹਾਂ ਹੋ ਜਾਂਦੇ ਹਨ। ਦਿਲ ਦੇ ਫੇਲ੍ਹ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਹਾਡਾ ਦਿਲ ਬੰਦ ਹੋ ਗਿਆ ਹੈ ਜਾਂ ਰੁਕ ਗਿਆ ਹੈ। ਇਸ ਦਾ ਮਤਲਬ ਹੈ ਕਿ ਇਹ ਉਸ ਤਰ੍ਹਾਂ ਪੰਪ ਨਹੀਂ ਕਰ ਰਿਹਾ ਜਿਸ ਤਰ੍ਹਾਂ ਇਸ ਨੂੰ ਕਰਨਾ ਚਾਹੀਦਾ ਹੈ।

## ਦਿਲ ਫੇਲ੍ਹ ਹੋਣ ਦੇ ਕੀ ਕਾਰਨ ਹਨ?

ਹਰ ਉਹ ਚੀਜ਼ ਜਿਹੜੀ ਦਿਲ ਨੂੰ ਨੁਕਸਾਨ ਪਹੁੰਚਾਉਂਦੀ ਹੈ ਜਾਂ ਇਸ ਦੇ ਪੰਪ ਕਰਨ ਦੀ ਤਾਕਤ ਘਟਾਉਂਦੀ ਹੈ, ਦਿਲ ਫੇਲ੍ਹ ਕਰਨ ਵਿੱਚ ਸਹਾਇਕ ਹੁੰਦੀ ਹੈ। ਆਮ ਕਾਰਨ ਹਨ:

- ਹਾਈ ਬਲੱਡ ਪ੍ਰੈਸ਼ਰ
- ਹਾਰਟ ਅਟੈਕ (ਦਿਲ ਦਾ ਦੌਰਾ)
- ਦਿਲ ਦੀਆਂ ਨਾੜੀਆਂ ਦੀ ਬਿਮਾਰੀ

## ਦਿਲ ਫੇਲ੍ਹ ਹੋਣ ਬਾਰੇ ਕਿਵੇਂ ਪਤਾ ਲੱਗਦਾ ਹੈ?

ਤੁਹਾਡੇ ਸਰੀਰ ਦੇ ਲੱਛਣਾਂ ਤੋਂ ਤੁਹਾਡਾ ਡਾਕਟਰ ਇਸ ਗੱਲ ਦਾ ਪਤਾ ਲਗਾ ਸਕਦਾ ਹੈ। ਉਹ ਸਰੀਰਕ ਜਾਂਚ ਕਰੇਗਾ। ਤੁਹਾਡਾ ਡਾਕਟਰ ਤੁਹਾਨੂੰ ਕੁਝ ਹੇਠ ਲਿਖੇ ਟੈਸਟਾਂ ਲਈ ਵੀ ਆਖ ਸਕਦਾ ਹੈ:

- ਛਾਤੀ ਦਾ ਐਕਸ-ਰੇ
- ਤੁਹਾਡੇ ਦਿਲ ਦੇ ਇਲੈਕਟ੍ਰਿਕ ਸਿਸਟਮ ਦੀ ਜਾਂਚ ਲਈ ਇਲੈਕਟ੍ਰੋਕਾਰਡੀਓਗ੍ਰਾਮ (ਈ.ਕੇ.ਜੀ. ਜਾਂ ਈ.ਸੀ.ਜੀ.)
- ਤੁਹਾਡੇ ਦਿਲ ਦੇ ਆਕਾਰ (ਸਾਈਜ਼) ਅਤੇ ਬਣਤਰ ਦੀ ਜਾਂਚ ਲਈ ਅਤੇ ਦਿਲ ਦੇ ਕੰਮ ਕਰਨ ਦੀ ਹਾਲਤ ਨੂੰ ਜਾਣਨ ਲਈ ਏਖੋਕਾਰਡੀਓਗ੍ਰਾਮ
- ਖ਼ੂਨ ਦੀ ਝਾਂਚ

## ਦਿਲ ਫੇਲ੍ਹ ਹੋਣ ਦੇ ਲੱਛਣ ਕੀ ਹੁੰਦੇ ਹਨ?

ਸ਼ੁਰੂਆਤੀ ਸਟੇਜ 'ਤੇ ਤੁਸੀਂ ਮਹਿਸੂਸ ਕਰ ਸਕਦੇ ਹੋ:

- ਥਕਾਵਟ ਜਾਂ ਕਮਜ਼ੋਰੀ
- ਰੋਜ਼ਾਨਾ ਕੰਮਾਂ ਦੌਰਾਨ ਸਾਹ ਉੱਖੜਣਾ ਜਾਂ ਛੋਟੇ ਸਾਹ ਲੈਣੇ
- ਇਸ ਤਰ੍ਹਾਂ ਮਹਿਸੂਸ ਹੋਣਾ ਜਿਵੇਂ ਤੁਹਾਡਾ ਦਿਲ ਜ਼ੋਰ ਨਾਲ ਧੜਕ ਰਿਹਾ ਹੈ

ਜਿਵੇਂ ਜਿਵੇਂ ਇਹ ਸਥਿਤੀ ਗੰਭੀਰ ਹੁੰਦੀ ਜਾਂਦੀ ਹੈ, ਫੇਫੜਿਆਂ ਵਿੱਚ ਅਤੇ ਸਰੀਰ ਦੇ ਹੋਰਨਾਂ ਹਿੱਸਿਆਂ ਵਿੱਚ ਤਰਲ ਇਕੱਠਾ ਹੋਣਾ ਸ਼ੁਰੂ ਹੋ ਜਾਂਦਾ ਹੈ; ਇਸ ਨਾਲ ਹੇਠ ਲਿਖੀਆਂ ਗੱਲਾਂ ਹੋ ਸਕਦੀਆਂ ਹਨ:

- ਆਰਾਮ ਨਾਲ ਬੈਠਣ ਵੇਲੇ ਵੀ ਸਾਹ ਚੜ੍ਹਦਾ ਹੈ
- ਪੈਰਾਂ, ਗਿੱਟਿਆਂ, ਲੱਤਾਂ ਜਾਂ ਪੇਟ ਵਿਚ ਸੋਜ਼ਿਸ਼ ਨਾਲ ਭਾਰ ਵਧ ਜਾਂਦਾ ਹੈ
- ਖੰਘ ਆਉਣੀ ਜਾਂ ਗ਼ਲੇ ਵਿਚੋਂ ਘਰੜ ਦੀ ਅਵਾਜ਼ ਆਉਣੀ
- ਰਾਤ ਨੂੰ ਵਾਰ ਵਾਰ ਪੇਸ਼ਾਬ ਕਰਨ ਦੀ ਲੋੜ ਮਹਿਸੂਸ ਹੋਣੀ